ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ
(ਸਪੋਰਟਸ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਪੰਜਾਬ।

ਈ ਫਾਈਲ ਨੰ: 150454
ਮਿਤੀ 17-10-2022

ਵਿਸ਼ਾ: ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀਆਂ ਲਿਸਟਾਂ ਤਿਆਰ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਐਮ ਆਈ ਐਸ ਸ਼ਾਖਾ ਵੱਲੋਂ ਖਿਡਾਰੀਆਂ ਦੀ ਆਨ-ਲਾਈਨ ਐਂਟਰੀ ਲਈ ਪੋਰਟਲ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਜੋ ਖਿਡਾਰੀ ਜਿਲ੍ਹਾ ਪੱਧਰ ਦੀਆਂ ਖੇਡਾਂ ਵਿੱਚ ਭਾਗ ਲੈ ਚੁੱਕੇ ਹਨ ਅਤੇ ਉਨ੍ਹਾਂ ਵੱਲੋਂ ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਭਾਗ ਲੈਣਾਂ ਹੈ, ਉਨ੍ਹਾਂ ਖਿਡਾਰੀਆਂ ਦੀਆਂ ਸਬੰਧਤ ਜਿਲ੍ਹੇ ਦੇ ਡੀਐਮ ਸਪੋਰਟਸ ਵੱਲੋਂ ਫਾਈਨਲ ਲਿਸਟਾਂ ਤਿਆਰ ਕਰ ਲਈਆਂ ਜਾਣ ਤਾਂ ਕਿ ਆਨ-ਲਾਈਨ ਐਂਟਰੀ ਕਰਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਸਪੋਰਟਸ ਪਾਲਿਸੀ 2021 ਅਨੁਸਾਰ ਖਿਡਾਰੀ ਦੇ ਜਨਮ ਪਰੂਫ ਸਬੰਧੀ ਕੇਵਲ ਜਨਮ ਸਰਟੀਫਿਕੇਟ ਨੂੰ ਹੀ ਅਧਾਰ ਮੰਨਿਆ ਜਾਣਾ ਹੈ। ਇਸ ਲਈ ਸਮੂਹ ਡੀਐਮ ਸਪੋਰਟਸ ਇਹ ਯਕੀਨੀ ਬਨਾਉਣ ਕਿ ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀਆਂ ਲਿਸਟਾਂ ਤਿਆਰ ਕਰਦੇ ਸਮੇਂ ਉਨ੍ਹਾ ਦੇ ਜਨਮ ਮਿਤੀ ਦੇ ਸਬੂਤ ਵੱਜੋਂ ਜਨਮ ਸਰਟੀਫਿਕੇਟ ਦਾ ਹੋਣਾ ਲਾਜਮੀ ਹੈ। ਜੇਕਰ ਕੋਈ ਵਿਦਿਆਰਥੀ ਜਨਮ ਸਰਟੀਫਿਕੇਟ ਤੋਂ ਬਿਨ੍ਹਾਂ ਭਾਗ ਲੈਣ ਲਈ ਆਉਂਦਾ ਹੈ ਤਾਂ ਇਸ ਦੀ ਪੂਰਨ ਜਿਮੇਵਾਰੀ ਸਬੰਧਤ ਜਿਲ੍ਹੇ ਦੇ ਡੀਐਮ ਸਪੋਰਟਸ ਦੀ ਹੋਵੇਗੀ।

ਉਕਤ ਸਨਮੁੱਖ ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀਆਂ ਫਾਈਨਲ ਲਿਸਟਾਂ 04 ਦਿਨਾਂ ਵਿੱਚ ਤਿਆਰ ਕਰ ਲਈਆਂ ਜਾਣ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)

ਪਿੱਠ ਅੰਕਣ ਨੰ: ਉਕਤ

ਮਿਤੀ 17-10-2022

ਉਪਰੋਕਤ ਦਾ ਉਤਾਰ ਸਮੂਹ ਡੀਐਮ ਸਪੋਰਟਸ ਪੰਜਾਬ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)